# ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ 'ਤੇ ਮੌਜੂਦਾ ਅਤੇ ਯੋਜਨਾਬੱਧ ਉਪਾਅ ਸ਼ਹਿਰੀ ਨਵੀਨੀਕਰਨ ਅਥਾਰਟੀ (ਅਰਬਨ ਰੀਨਿਊਅਲ ਅਥਾਰਟੀ)

ਸ਼ਹਿਰੀ ਨਵੀਨੀਕਰਨ ਅਥਾਰਟੀ ("URA") ਨਵੀਨੀਕਰਨ ਅਥਾਰਟੀ ਆਰਡੀਨੈਂਸ (ਕੈਪ. 563) ਦੇ ਅਧੀਨ ਸਥਾਪਤ ਇੱਕ ਕਾਰਪੋਰੇਟ ਏਜੰਸੀ ਹੈ, ਜੋ ਕਿ ਹਾਂਗ ਕਾਂਗ ਦੇ ਸ਼ਹਿਰੀ ਨਵੀਨੀਕਰਨ ਨੂੰ ਉਤਸ਼ਾਹਤ ਕਰਨ, ਵਧਾਉਣ, ਲਾਗੂ ਕਰਨ ਅਤੇ ਸਹੂਲਤ ਦੇਣ ਲਈ, ਸ਼ਹਿਰੀ ਗਿਰਾਵਟ ਦੀ ਸਮੱਸਿਆ ਨੂੰ ਹੱਲ ਕਰਨ ਅਤੇ ਸੁਧਾਰ ਦੇ ਮੱਦੇਨਜ਼ਰ ਪੁਰਾਣੇ ਜ਼ਿਲ੍ਹਿਆਂ ਦੇ ਵਸਨੀਕਾਂ ਦੇ ਰਹਿਣ-ਸਹਿਣ ਦੇ ਹਾਲਾਤ ਨੂੰ ਸੁਧਾਰਨ ਲਈ ਸਥਾਪਤ ਕੀਤੀ ਗਈ ਹੈ।

ਹਾਂਗ ਕਾਂਗ ਦੇ ਸ਼ਹਿਰੀ ਨਵੀਨੀਕਰਨ ਨੂੰ ਪੂਰਾ ਕਰਨ ਵੇਲੇ, URA ਹਾਂਗ ਕਾਂਗ ਦੇ ਲੋਕਾਂ ਨੂੰ ਉਹਨਾਂ ਦੀਆਂ ਭਾਸ਼ਾਵਾਂ ਅਤੇ ਸਭਿਆਚਾਰ ਦੀ ਪਰਵਾਹ ਕੀਤੇ ਬਿਨਾਂ, URA ਦੀਆਂ ਸਰਵਜਨਕ ਸੇਵਾਵਾਂ ਤੱਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਲਈ ਬਹੁਤ ਮਹੱਤਵ ਦਿੰਦੀ ਹੈ। URA ਨੇ ਵੱਖ ਵੱਖ ਭਾਸ਼ਾਵਾਂ ਅਤੇ ਸਭਿਆਚਾਰ ਦੇ ਲੋਕਾਂ ਨੂੰ ਇਸ ਦੀਆਂ ਜਨਤਕ ਸੇਵਾਵਾਂ ਤੱਕ ਪਹੁੰਚ ਕਰਨ ਦੀ ਸਹੂਲਤ ਦੇਣ ਲਈ ਢੁਕਵੇਂ ਅਤੇ ਵਿਵਹਾਰਕ ਉਪਾਅ ਕੀਤੇ ਹਨ।

| | |
|---|---|
| ਸਬੰਧਿਤ ਸੇਵਾਵਾਂ | • URA ਨੇ ਆਪਣੇ ਦੋ ਮੁੱਖ ਕਾਰੋਬਾਰਾਂ ਅਰਥਾਤ ਪੁਨਰ ਵਿਕਾਸ ਅਤੇ ਮੁੜ ਵਸੇਬੇ ਦੇ ਨਾਲ ਨਾਲ ਵਿਰਾਸਤ ਦੀ ਸੰਭਾਲ ਅਤੇ ਪੁਨਰ-ਸੁਰਜੀਤੀ ਦੁਆਰਾ ਹਾਂਗ ਕਾਂਗ ਦੇ ਲੋਕਾਂ ਲਈ ਟਿਕਾਊ ਅਤੇ ਇੱਕ ਵਧੀਆ ਜ਼ਿੰਦਗੀ ਜਿਊਣ ਲਈ ਇਕ ਵਿਆਪਕ ਅਤੇ ਸੰਪੂਰਨ ਪਹੁੰਚ ਨੂੰ ਅਪਣਾਇਆ ਹੈ। |
| ਮੌਜੂਦਾ ਉਪਾਅ | • URA ਆਪਣੀਆਂ ਜਨਤਕ ਸੇਵਾਵਾਂ ਦੀ ਵਿਵਸਥਾ ਵਿੱਚ ਚੀਨੀ ਜਾਂ ਅੰਗਰੇਜ਼ੀ (ਜਿਵੇਂ ਦਾ ਕੇਸ ਹੋਵੇ) ਦੀ ਵਰਤੋਂ ਕਰਦਾ ਹੈ।<br>• URA ਦੀ ਵੈਬਸਾਈਟ 'ਤੇ ਜਾਣਕਾਰੀ ਚੀਨੀ ਅਤੇ ਅੰਗਰੇਜ਼ੀ ਵਿਚ ਹੈ।<br>• URA ਦੀਆਂ ਜਨਤਕ ਸੇਵਾਵਾਂ ਬਾਰੇ ਜਾਣਕਾਰੀ ਦੇ ਪਰਚੇ ਅਤੇ ਕਿਤਾਬਚੇ, ਚੀਨੀ ਅਤੇ ਅੰਗਰੇਜ਼ੀ ਵਿੱਚ ਪ੍ਰਕਾਸ਼ਤ ਕੀਤੇ ਜਾਂਦੇ ਹਨ<br>• URA ਨੇ ਪ੍ਰਾਪਤੀ ਅਤੇ ਮੁਆਵਜ਼ੇ / ਪੁਨਰਵਾਸ ਬਾਰੇ ਜਾਣਕਾਰੀ ਦੇ ਹੇਠਾਂ ਦਿੱਤੇ 9 ਪਰਚਿਆਂ ਦਾ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਤਾਗਾਲੋਗ, ਥਾਈ, ਉਰਦੂ ਅਤੇ ਵੀਅਤਨਾਮੀ ਵਿਚ ਅਨੁਵਾਦ ਕੀਤਾ ਅਤੇ |

ਆਪਣੀ ਵੈੱਬਸਾਈਟ ਤੇ ਅਪਲੋਡ ਕੀਤਾ ਹੈ:

1. ਘਰੇਲੂ ਜਾਇਦਾਦ ਦਾ ਮਾਲਕ - ਪ੍ਰਾਪਤੀ ਮੁਆਵਜ਼ਾ ਵਧੀਆ ਸੁਝਾਅ (ਮਾਲਕ - ਕਬਜ਼ਾ);
2. ਘਰੇਲੂ ਜਾਇਦਾਦ ਦਾ ਮਾਲਕ - ਪ੍ਰਾਪਤੀ ਮੁਆਵਜ਼ਾ ਵਧੀਆ ਸੁਝਾਅ (ਕਿਰਾਏ ਤੇ);
3. ਘਰੇਲੂ ਜਾਇਦਾਦ ਦਾ ਮਾਲਕ - ਪ੍ਰਾਪਤੀ ਮੁਆਵਜ਼ਾ ਵਧੀਆ ਸੁਝਾਅ (ਖਾਲੀ);
4. ਗੈਰ ਘਰੇਲੂ ਜਾਇਦਾਦ ਦਾ ਮਾਲਕ - ਪ੍ਰਾਪਤੀ ਮੁਆਵਜ਼ਾ ਵਧੀਆ ਸੁਝਾਅ (ਮਾਲਕ - ਕਬਜ਼ਾ);
5. ਗੈਰ ਘਰੇਲੂ ਜਾਇਦਾਦ ਦਾ ਮਾਲਕ - ਪ੍ਰਾਪਤੀ ਮੁਆਵਜ਼ਾ ਵਧੀਆ ਸੁਝਾਅ (ਕਿਰਾਏ ਤੇ);
6. ਗੈਰ ਘਰੇਲੂ ਜਾਇਦਾਦ ਦਾ ਮਾਲਕ - ਪ੍ਰਾਪਤੀ ਮੁਆਵਜ਼ਾ ਵਧੀਆ ਸੁਝਾਅ (ਖਾਲੀ);
7. ਘਰੇਲੂ ਜਾਇਦਾਦ ਕਿਰਾਏਦਾਰ – ਐਕਸ-ਗ੍ਰੇਸ਼ੀਆ ਭੱਤਾ / ਮੁੜ-ਰਿਹਾਇਸ਼ੀ ਵਧੀਆ ਸੁਝਾਅ;
8. ਘਰੇਲੂ ਜਾਇਦਾਦ ਮੁੱਖ ਕਿਰਾਏਦਾਰ – ਐਕਸ-ਗ੍ਰੇਸ਼ੀਆ ਭੱਤਾ / ਮੁੜ-ਰਿਹਾਇਸ਼ੀ ਵਧੀਆ ਸੁਝਾਅ;
9. ਗੈਰ ਘਰੇਲੂ ਜਾਇਦਾਦ ਕਿਰਾਏਦਾਰ – ਐਕਸ-ਗ੍ਰੇਸ਼ੀਆ ਭੱਤਾ ਵਧੀਆ ਸੁਝਾਅ;

- URA ਨੇ ਵੱਖ ਵੱਖ ਭਾਸ਼ਾਵਾਂ ਦੇ ਸੇਵਾ ਉਪਭੋਗਤਾਵਾਂ ਵੱਲੋਂ URA ਦੀਆਂ ਜਨਤਕ ਸੇਵਾਵਾਂ ਬਾਰੇ ਪੁੱਛਗਿੱਛ ਕਰਨ ਲਈ ਘੱਟ ਗਿਣਤੀ ਵਸਨੀਕਾਂ ਦੀ ਏਕਤਾ ਅਤੇ ਸੁਧਾਰ ਲਈ ਕੇਂਦਰ ("CHEER") ਦੁਆਰਾ ਪ੍ਰਦਾਨ ਕੀਤੀ ਇਕੋ ਸਮੇਂ ਕੀਤੀ ਜਾਂਦੀ ਤਿੰਨ-ਤਰਫੀ ਟੈਲੀਫੋਨ ਵਿਆਖਿਆ ਸੇਵਾ (ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਤਗਾਲੋਗ, ਥਾਈ, ਉਰਦੂ ਜਾਂ ਵੀਅਤਨਾਮੀ ਵਿਚ) ਤੋਂ ਜਾਣੂ ਕਰਾਇਆ ਹੈ।

- ਵੱਖ ਵੱਖ ਭਾਸ਼ਾਵਾਂ ਦੇ ਸੇਵਾ ਉਪਭੋਗਤਾਵਾਂ ਨਾਲ ਸੰਚਾਰ ਦੀ ਸਹੂਲਤ ਲਈ CHEER ਦੁਆਰਾ ਤਿਆਰ ਕੀਤਾ ਗਿਆ ਭਾਸ਼ਾ ਪਛਾਣ ਪੱਤਰ URA ਦੇ ਦਫਤਰਾਂ ਅਤੇ ਸੇਵਾ ਕੇਂਦਰਾਂ ਦੇ ਰਿਸੈਪਸ਼ਨ/ਕਾਊਂਟਰ ਉੱਪਰ ਉਪਲਬਧ ਹੈ।

- URA ਨੇ ਨਸਲ ਨਾਲ ਸਬੰਧਿਤ ਮੁੱਦਿਆਂ 'ਤੇ ਆਪਣੇ ਸਟਾਫ ਨੂੰ ਸਿਖਲਾਈ ਸਮੱਗਰੀ ਅਤੇ ਸਿਖਲਾਈ ਕੋਰਸ ਮੁਹੱਈਆ ਕਰਵਾਏ ਹਨ ਜਿਵੇਂ ਕਿ:

  1. ਸਵੈ-ਸਿੱਖਣ ਵਾਲੇ ਵੀਡੀਓ ਕਲਿੱਪ ਤਿਆਰ ਕੀਤੇ:
     - "ਚੁੰਗਕਿੰਗ ਮੈਨਸ਼ਨ ਦਾ ਦੌਰਾ" ਜਿਸ ਵਿੱਚ ਹਾਂਗਕਾਂਗ ਵਿੱਚ ਪਹਿਲੇ ਰਜਿਸਟਰਡ ਘੱਟ ਗਿਣਤੀ ਸਮਾਜ ਸੇਵਕ ਨੂੰ ਪੇਸ਼ ਕੀਤਾ ਗਿਆ ਅਤੇ ਚੁੰਗਕਿੰਗ ਮੈਨਸ਼ਨ ਵਿੱਚ ਬਹੁ-ਸਭਿਆਚਾਰਾਂ ਨੂੰ ਦਿਖਾਇਆ ਗਿਆ; ਅਤੇ
     - "ਪ੍ਰੋਜੈਕਟ ਕੇਸ ਸ਼ੇਅਰਿੰਗ - ਘੱਟ ਗਿਣਤੀਆਂ ਦੇ ਕਿਰਾਏਦਾਰ ਦਾ ਕੇਸ";
  2. "ਸਭਿਆਚਾਰਕ ਵਖਰੇਵਿਆਂ ਨਾਲ ਵਰਤਾਉ" ਸਿਰਲੇਖ ਹੇਠ ਇਕ ਸਿਖਲਾਈ ਕੋਰਸ ਸ਼ੁਰੂ ਕੀਤਾ;
  3. "ਹਾਂਗ ਕਾਂਗ ਵਿੱਚ ਵਿਤਕਰੇ ਵਿਰੋਧੀ ਆਰਡੀਨੈਂਸ" ਸਿਰਲੇਖ ਵਾਲਾ ਇੱਕ ਈ-ਲਰਨਿੰਗ ਕੋਰਸ ਸ਼ੁਰੂ ਕੀਤਾ;
  4. "ਹਾਂਗਕਾਂਗ ਦੇ ਵਿਤਕਰੇ ਵਿਰੋਧੀ ਕਾਨੂੰਨਾਂ ਦੀ ਜਾਣ-ਪਛਾਣ" ਸਿਰਲੇਖ ਨਾਲ ਇੱਕ ਸੈਮੀਨਾਰ ਦਾ ਆਯੋਜਨ ਕੀਤਾ;
  5. "ਬੁਨਿਆਦੀ ਥਾਈ ਸ਼ੁਭਕਾਮਨਾਵਾਂ ਅਤੇ ਸੱਭਿਆਚਾਰਕ ਸ਼ਿਸ਼ਟਾਚਾਰ ਦੀ ਜਾਣ-ਪਛਾਣ" ਸਿਰਲੇਖ ਵਾਲੀ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ: ਅਤੇ
  6. ਲੋਕ ਪ੍ਰਬੰਧਕਾਂ ਨੂੰ ਸੰਬੋਧਿਤ ਕਰਦੇ ਹੋਏ "ਕੰਮ ਵਾਲੀ ਥਾਵਾਂ 'ਤੇ ਵਿਤਕਰੇ ਅਤੇ ਪਰੇਸ਼ਾਨੀ ਨਾਲ ਨਜਿੱਠਣਾ" ਸਿਰਲੇਖ ਵਾਲੀ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ।

- URA ਨੇ ਕ੍ਰਿਸ਼ਚੀਅਨ ਐਂਡ ਮਿਸ਼ਨਰੀ ਅਲਾਇੰਸ ਚਰਚ ਯੂਨੀਅਨ ਹਾਂਗਕਾਂਗ ਦੇ ਬਲੈਸਿੰਗ ਥਾਈ ਸਰਵਿਸ ਸੈਂਟਰ ਨਾਲ ਮਿਲ ਕੇ "ਥਾਈ ਸਰਵਿਸ ਟੀਮ" ਦਾ ਗਠਨ ਕੀਤਾ ਹੈ ਜਿਸ ਵਿੱਚ 30 ਥਾਈ ਸਵੈ-ਸੇਵਕ (ਵਲੰਟੀਅਰ) ਸ਼ਾਮਲ ਹਨ ਤਾਂ ਜੋ ਕੋਵਲੂਨ ਸਿਟੀ ਡਿਸਟ੍ਰਿਕਟ ਵਿੱਚ URA ਦੇ ਪੁਨਰ-ਵਿਕਾਸ ਪ੍ਰੋਜੈਕਟਾਂ ਨੂੰ ਲਾਗੂ ਕਰਨ ਵਿੱਚ ਸਹਾਇਤਾ ਕੀਤੀ ਜਾ ਸਕੇ ਅਤੇ ਜ਼ਿਲ੍ਹੇ ਵਿੱਚ ਥਾਈ ਵਸਨੀਕਾਂ ਅਤੇ ਵਪਾਰੀਆਂ ਨੂੰ ਪੁਨਰ-ਵਿਕਾਸ ਪ੍ਰੋਜੈਕਟਾਂ ਬਾਰੇ ਸਬੰਧਿਤ ਜਾਣਕਾਰੀ ਦਿੱਤੀ ਜਾ ਸਕੇ ਅਤੇ ਉਹਨਾਂ ਦੇ ਵਿਚਾਰ ਇਕੱਠੇ ਕੀਤੇ ਜਾ ਸਕਣ ਅਤੇ ਸੰਚਾਰ ਨੂੰ ਬਿਹਤਰ ਬਣਾਉਣ ਲਈ ਮੌਕੇ 'ਤੇ ਵਿਆਖਿਆ ਸੇਵਾ ਦੇ ਨਾਲ, ਇੱਕ ਪੁਨਰ ਵਿਕਾਸ ਪ੍ਰੋਜੈਕਟ ਵਿੱਚ ਸ਼ਾਮਲ ਥਾਈ ਨਿਵਾਸੀਆਂ ਲਈ ਥਾਈ ਵਿੱਚ ਅੱਪਡੇਟ ਜਾਣਕਾਰੀ ਪ੍ਰਦਾਨ ਕਰਨ ਲਈ ਲੋੜ ਅਨੁਸਾਰ ਉਹਨਾਂ ਦੇ ਵਿਚਾਰਾਂ ਅਤੇ

ਬ੍ਰੀਫਿੰਗ ਸੈਸ਼ਨਾਂ ਦਾ ਆਯੋਜਨ ਕੀਤਾ ਜਾਵੇਗਾ।

ਭਵਿੱਖ ਦੇ ਕੰਮ ਦਾ ਮੁਲਾਂਕਣ

- URA ਨਿਯਮਤ ਤੌਰ 'ਤੇ ਵੱਖ ਵੱਖ ਭਾਸ਼ਾਵਾਂ ਅਤੇ ਸਭਿਆਚਾਰ ਦੇ ਸੇਵਾ ਉਪਭੋਗਤਾਵਾਂ ਲਈ ਜਨਤਕ ਸੇਵਾਵਾਂ ਦੇ ਪ੍ਰਬੰਧਨ ਦੇ ਪ੍ਰਭਾਵ ਦੀ ਸਮੀਖਿਆ ਕਰੇਗਾ ਅਤੇ URA ਦੀਆਂ ਜਨਤਕ ਸੇਵਾਵਾਂ ਬਾਰੇ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਚਿੰਤਾਵਾਂ (ਜੇ ਕੋਈ ਹੈ) ਦੇ ਹੱਲ ਲਈ ਉਚਿਤ ਤੌਰ' ਤੇ ਸੁਧਾਰ ਕਰੇਗਾ।

- URA ਦੁਆਰਾ ਵੱਖ ਵੱਖ ਭਾਸ਼ਾਵਾਂ ਅਤੇ ਸਭਿਆਚਾਰ ਦੇ ਸੇਵਾ ਉਪਭੋਗਤਾਵਾਂ ਦੁਆਰਾ ਦਿੱਤੇ ਫੀਡਬੈਕ ਅਤੇ ਸੁਝਾਵਾਂ (ਜੇ ਕੋਈ ਹੈ) ਨੂੰ ਜਨਤਕ ਸੇਵਾਵਾਂ ਦੇ ਪ੍ਰਬੰਧ ਵਿਚ ਲਗਾਤਾਰ ਸੁਧਾਰ ਲਈ ਵਿਚਾਰਿਆ ਜਾਵੇਗਾ।

ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ

- URA ਇਹ ਜਾਰੀ ਰਖੇਗਾ
  - URA ਜਨਤਕ ਸੇਵਾਵਾਂ ਬਾਰੇ ਵੱਖ-ਵੱਖ ਭਾਸ਼ਾਵਾਂ ਅਤੇ ਸਭਿਆਚਾਰ ਦੇ ਸੇਵਾ ਉਪਭੋਗਤਾਵਾਂ ਦੀਆਂ ਜ਼ਰੂਰਤਾਂ ਅਤੇ ਚਿੰਤਾਵਾਂ ਵੱਲ ਧਿਆਨ ਦੇਣਾ ਅਤੇ URA ਦੀਆਂ ਸਰਵਜਨਕ ਸੇਵਾਵਾਂ ਤੱਕ ਉਨ੍ਹਾਂ ਦੀ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਲਈ ਉਚਿਤ ਅਤੇ ਕਰਨਯੋਗ ਸੁਧਾਰਾਂ ਦੀ ਪੜਤਾਲ ਕਰਨਾ ਜਾਰੀ ਰੱਖੇਗਾ;
  - ਜਿਥੇ ਉਚਿੱਤ ਅਤੇ ਕਰਨ ਯੋਗ ਹੋਵੇ, URA ਸਬੰਧਤ ਜਨਤਕ ਸੇਵਾ ਅਰੰਭ ਕਰਦੇ ਸਮੇਂ ਵੱਖ ਵੱਖ ਭਾਸ਼ਾਵਾਂ ਦੇ ਸੇਵਾ ਉਪਭੋਗਤਾਵਾਂ ਨੂੰ ਵੰਡਣ ਲਈ ਚੀਨੀ ਅਤੇ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ URA ਦੇ ਪਰਚੇ / ਕਿਤਾਬਚੇ ਦਾ ਅਨੁਵਾਦ ਕਰੇਗਾ;
  - ਵੱਖ-ਵੱਖ ਭਾਸ਼ਾਵਾਂ ਦੇ ਸੇਵਾ ਉਪਭੋਗਤਾਵਾਂ ਨੂੰ URA ਜਨਤਕ ਸੇਵਾਵਾਂ ਦੀ ਬਰਾਬਰ ਪਹੁੰਚ ਪ੍ਰਾਪਤ ਕਰਨ ਲਈ ਸਹੂਲਤ ਦੇਣ ਲਈ, ਵਿਆਖਿਆ ਸੇਵਾਵਾਂ ਦਾ ਪ੍ਰਬੰਧ ਕਰਨਾ;
  - ਵੱਖ ਵੱਖ ਭਾਸ਼ਾਵਾਂ ਦੇ ਸੇਵਾ ਉਪਭੋਗਤਾਵਾਂ ਦੁਆਰਾ URA ਦੀਆਂ ਜਨਤਕ ਸੇਵਾਵਾਂ ਤੱਕ ਬਰਾਬਰ ਪਹੁੰਚ ਦੀ ਸਹੂਲਤ ਲਈ ਉਚਿਤ ਸੰਚਾਰ ਸਹਾਇਤਾ / ਤਕਨੀਕਾਂ ਦੀ ਵਰਤੋਂ ਕਰਨ ਦੀ ਭਾਲ ਕਰੇਗਾ;
  - ਵੱਖ ਵੱਖ ਭਾਸ਼ਾਵਾਂ ਦੇ ਸੇਵਾ ਪ੍ਰਯੋਗਕਰਤਾਵਾਂ ਨੂੰ URA ਦੀਆਂ

ਸਰਵਜਨਕ ਸੇਵਾਵਾਂ ਤੱਕ ਉਨ੍ਹਾਂ ਦੀ ਪਹੁੰਚ ਵਿੱਚ ਸਹਾਇਤਾ ਕਰਨ ਲਈ ਖਾਸ URA ਦੇ ਉਪਾਵਾਂ ਅਤੇ ਪ੍ਰਬੰਧਾਂ ਦੀ ਉਪਲਬਧਤਾ ਬਾਰੇ ਜਾਗਰੂਕ ਕਰਨ ਲਈ ਉੱਚਿਤ ਪ੍ਰਚਾਰ ਚੈਨਲਾਂ ਦੀ ਵਰਤੋਂ ਕਰਨ ਦੀ ਭਾਲ ਕਰੇਗਾ;

– ਜਾਤ ਨਾਲ ਜੁੜੇ ਮੁੱਦਿਆਂ 'ਤੇ ਫਰੰਟ-ਲਾਈਨ ਸਟਾਫ ਨੂੰ ਸਿਖਲਾਈ ਪ੍ਰਦਾਨ ਕਰਨਾ, ਜਿਵੇਂ ਕਿ ਦੁਭਾਸ਼ੀਏ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਦੀ ਕਲਾ ਅਤੇ ਤਕਨੀਕਾਂ ਅਤੇ ਹਾਂਗ ਕਾਂਗ ਵਿਚ ਵੱਖੋ ਵੱਖ ਭਾਸ਼ਾਵਾਂ ਅਤੇ ਸਭਿਆਚਾਰ ਨਾਲ ਲੋਕਾਂ ਦੇ ਸਲੀਕੇ;

– ਵੱਖ-ਵੱਖ ਭਾਸ਼ਾਵਾਂ ਦੇ ਸੇਵਾ ਉਪਭੋਗਤਾਵਾਂ ਦੁਆਰਾ ਵਿਆਖਿਆ ਅਤੇ ਅਨੁਵਾਦ ਸੇਵਾਵਾਂ ਲਈ ਬੇਨਤੀਆਂ ਦੀ ਗਿਣਤੀ ਕਰੇਗਾ ਅਤੇ ਉਹਨਾਂ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਅਤੇ ਸਰੋਤਾਂ ਦੀ ਸਮੀਖਿਆ ਪ੍ਰਾਪਤ ਕਰੇਗਾ; ਅਤੇ

– ਵੱਖ-ਵੱਖ ਭਾਸ਼ਾਵਾਂ ਅਤੇ ਸੱਭਿਆਚਾਰ ਦੇ ਸੇਵਾ ਉਪਭੋਗਤਾਵਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਕੇ ਅਤੇ ਜਨਤਕ ਸੇਵਾਵਾਂ ਤੱਕ ਉਨ੍ਹਾਂ ਦੀ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਲਈ URA ਢੁਕਵੇਂ ਅਤੇ ਵਿਹਾਰਕ ਸਹਾਇਕ ਉਪਾਅ ਸਥਾਪਤ ਕਰੇਗਾ।

ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ 'ਤੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਦੇ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਮਾਧਿਅਮਾਂ ਰਾਹੀਂ URA ਨਾਲ ਸੰਪਰਕ ਕਰੋ –


| | | |
|---|---|---|
| ਟੈਲੀਫੋਨ ਨੰ. | : | 2588 2333 |
| ਫੈਕਸ ਨੰ. | : | 2827 0176 / 2827 0085 |
| ਈਮੇਲ | : | inquiry@mail1.ura.org.hk |
| ਡਾਕ ਲਈ ਪਤਾ | : | 26/F COSCO Tower, 183 Queen's Road Central, Hong Kong |


**ਸ਼ਹਿਰੀ ਨਵੀਨੀਕਰਨ ਅਥਾਰਟੀ**
**ਮਈ 2025**